# ਦਿ ਡਰਾਈਵ

ਨਵੰਬਰ 2019

ਅੰਕ 9

## ਇਸ ਐਡੀਸ਼ਨ ਵਿਚ

ਟਰੱਕ ਟੈਗ ਪਹਿਲਾਂ 2015 ਵਿਚ ਸ਼ੁਰੂ ਕੀਤੇ ਗਏ ਸਨ। ਇਸੇ ਸਮੇਂ ਹੀ ਇੰਡੀਪੈਨਡੈਂਟ ਓਪਰੇਟਰਾਂ (“ਆਈ/ਓਜ਼”) ਤੋਂ ਇਹ ਮੰਗ ਕੀਤੀ ਗਈ ਸੀ ਕਿ ਉਹ ਲਸੰਸਧਾਰੀਆਂ ਵਲੋਂ ਸਪੌਂਸਰ ਕੀਤੇ ਜਾਣ ਵਾਲੇ ਬਣਨ ਅਤੇ ਉਨ੍ਹਾਂ ਨੂੰ ਟਰਮੀਨਲਾਂ ਤੱਕ ਪਹੁੰਚ ਕਰਨ ਲਈ ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ ਤੋਂ ਪਰਮਿਟ ਮਿਲਣੇ ਬੰਦ ਹੋ ਗਏ ਸਨ।

ਉਸ ਸਮੇਂ ਤੋਂ ਲੈ ਕੇ, ਟਰੱਕ ਟੈਗ ਪਾਲਸੀ ਨੇ ਬਹੁਤ ਸਾਰਾ ਵਾਦ-ਵਿਵਾਦ ਪੈਦਾ ਕੀਤਾ ਹੈ। ਟਰੱਕ ਟੈਗਾਂ ਦੁਆਲੇ ਬਹੁਤੀ ਗੱਲਬਾਤ ਆਈ/ਓ ਟਰੱਕਾਂ ਨੂੰ ਦਿੱਤੇ ਗਏ ਟਰੱਕ ਟੈਗਾਂ ਉਪਰ ਅਤੇ ਇਸ ਸਵਾਲ ਉਪਰ ਕੇਂਦਰਿਤ ਰਹੀ ਹੈ ਕਿ ਟਰੱਕ ਟੈਗਾਂ ਦਾ “ਮਾਲਕ” ਕੌਣ ਹੈ। ਮਾਰੀਨ ਟਰਮੀਨਲ ਤੱਕ ਪਹੁੰਚ ਕਰਨ ਲਈ ਟਰੱਕ ਟੈਗ ਕਿਉਂਕਿ ਇਕ ਸ਼ਰਤ ਹੈ, ਅਜਿਹਾ ਲੱਗੇਗਾ ਕਿ ਆਈ/ਓ ਟਰੱਕਾਂ ਨੂੰ ਅਸਾਇਨ ਕੀਤੇ ਗਏ ਟਰੱਕ ਟੈਗਾਂ ਨੇ ਡਰਾਈਵਰ ਦੇ ਮਨ ਵਿਚ ਟਰਮੀਨਲ ਤੱਕ ਪਹੁੰਚ ਕਰਨ ਵਾਲੇ ਪਰਮਿਟਾਂ ਦੀ ਥਾਂ ਲੈ ਲਈ ਹੈ। ਇਸ ਗਲਤਫਹਿਮੀ ਕਾਰਨ ਕਈ ਸਮੱਸਿਆਵਾਂ ਪੈਦਾ ਹੋਈਆਂ ਹਨ ਜਿਨ੍ਹਾਂ ਵਿਚ, ਟਰੱਕ ਟੈਗਾਂ ਦੀਆਂ ਗੈਰਕਾਨੂੰਨੀ ਵਿਕਰੀਆਂ, ਤਬਦੀਲੀਆਂ ਅਤੇ ਕੰਪਨੀਆਂ ਵਿਚਕਾਰ ਆਈ/ਓ ਦੀ ਮੂਵਮੈਂਟ ਅਤੇ ਆਈ/ਓ ਦੀ ਕੰਪਨੀ ਟਰੱਕ ਟੈਗਾਂ ਨੂੰ “ਬਦਲੀ” ਬਾਰੇ ਫਿਕਰ ਸ਼ਾਮਲ ਹਨ।

ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ (“ਓ ਬੀ ਸੀ ਸੀ ਟੀ ਸੀ”) ਨੇ ਇਨ੍ਹਾਂ ਮਸਲਿਆਂ ਦਾ ਹੱਲ ਕਰਨ ਲਈ ਪਾਲਸੀਆਂ ਲਾਗੂ ਕੀਤੀਆਂ ਹਨ ਅਤੇ ਪਾਲਸੀਆਂ ਲਾਗੂ ਕਰਨਾ ਜਾਰੀ ਰੱਖੇਗਾ। ਫਿਰ ਵੀ ਇਹ ਸਪਸ਼ਟ ਕੀਤੇ ਜਾਣ ਦੀ ਲੋੜ ਹੈ ਕਿ ਆਈ/ਓਜ਼ ਟਰੱਕ ਟੈਗਾਂ ਦੇ ਮਾਲਕ ਨਹੀਂ ਹਨ। ਇਹ ਕਮਿਸ਼ਨਰ ਵਲੋਂ ਲਸੰਸਧਾਰੀਆਂ ਨੂੰ ਜਾਰੀ ਕੀਤੇ ਜਾਂਦੇ ਹਨ ਜਿਹੜੇ ਫਿਰ ਉਨ੍ਹਾਂ ਟਰੱਕ ਟੈਗਾਂ ਨੂੰ ਸਪੌਂਸਰਸ਼ਿਪ ਦੇ ਇਕ ਐਗਰੀਮੈਂਟ ਰਾਹੀਂ ਟਰੱਕਾਂ ਨੂੰ ਅਸਾਇਨ ਕਰਦੇ ਹਨ।

ਓ ਬੀ ਸੀ ਸੀ ਟੀ ਸੀ ਦੇ ਇਨਵੈਸਟੀਗੇਟਰ ਰਿਕਾਰਡ ਜ਼ਬਤ ਕਰਨ ਲਈ ਲਸੰਸਧਾਰੀ ਦੇ ਕਾਰੋਬਾਰ ਵਾਲੀ ਥਾਂ ’ਤੇ ਜਾਣਗੇ ਜੇ ਮੇਰੇ ਕੋਲ ਇਹ ਯਕੀਨ ਕਰਨ ਦਾ ਕੋਈ ਕਾਰਨ ਹੋਇਆ ਕਿ *ਕਨਟੇਨਰ ਟਰੱਕਿੰਗ ਐਕਟ* ਦੀ ਉਲੰਘਣਾ ਹੋਈ ਹੈ ਅਤੇ ਖਾਸ ਕਰਕੇ ਜੇ ਮੈਂ ਇਹ ਯਕੀਨ ਕਰਾਂ ਕਿ ਕਿਸੇ ਆਡਿਟ/ਰਿਕਾਰਡ ਦੀ ਮੰਗ ਕੀਤੇ ਜਾਣ ਤੋਂ ਬਾਅਦ ਰਿਕਾਰਡਾਂ ਨੂੰ ਦਬਾਇਆ ਗਿਆ ਹੈ। ਬਦਕਿਸਮਤੀ ਨਾਲ, ਬੀਤੇ ਸਮੇਂ ਵਿਚ ਅਜਿਹਾ ਹੋਇਆ ਹੈ ਅਤੇ ਅਕਸਰ ਡਰਾਈਵਰਾਂ ਦੀ ਮਦਦ ਨਾਲ, ਅਤੇ ਉਨ੍ਹਾਂ ਵਲੋਂ ਦਿੱਤੀਆਂ ਗਈਆਂ ਰਿਕਾਰਡਾਂ ਦੀਆਂ ਕਾਪੀਆਂ ਕਰਕੇ ਮੈਂ ਕਾਰੋਬਾਰਾਂ ਦੀਆਂ ਥਾਂਵਾਂ ’ਤੇ ਇਨਵੈਸਟੀਗੇਟਰ ਭੇਜੇ ਹਨ। ਜਦ ਕਿ, ਪਾਲਣਾ ਨਾ ਕਰਨ ਦੀ ਕਿਸੇ ਵੀ ਸਰਗਰਮੀ ਦਾ ਜਸ਼ਨ ਨਹੀਂ ਮਨਾਇਆ ਜਾਂਦਾ, ਫਿਰ ਵੀ ਮੈਨੂੰ ਖੁਸ਼ੀ ਹੈ ਕਿ ਕੁਝ ਡਰਾਈਵਰ ਆਪਣੇ ਸਰੋਕਾਰਾਂ ਦੇ ਸੰਬੰਧ ਵਿਚ ਓ ਬੀ ਸੀ ਸੀ ਟੀ ਸੀ ਤੱਕ ਪਹੁੰਚ ਕਰਨ ਵਿਚ ਆਰਾਮਦੇਹ ਮਹਿਸੂਸ ਕਰਦੇ ਹਨ ਅਤੇ ਇਹ ਜਾਣਦੇ ਹਨ ਕਿ ਬੇਨਤੀ ਕਰਨ ’ਤੇ ਅਸੀਂ ਉਨ੍ਹਾਂ ਦੀ ਪਛਾਣ ਦੀ ਰੱਖਿਆ ਕਰਾਂਗੇ।

ਇਸ ਟੀਚੇ ਨਾਲ, ਪਿਛਲੇ ਨਿਊਜ਼ਲੈਟਰ ਵਿਚ ਮੇਰੇ ਵਲੋਂ ਡਰਾਈਵਰਾਂ ਦੀ ਸ਼ਮੂਲੀਅਤ ਦੀਆਂ ਜਿਨ੍ਹਾਂ ਸਰਗਰਮੀਆਂ ਦਾ ਜ਼ਿਕਰ ਕੀਤਾ ਗਿਆ ਸੀ, ਉਹ ਸ਼ੁਰੂ ਹੋ ਗਈਆਂ ਹਨ ਅਤੇ ਇਸ ਪਤਝੜ ਰੁੱਤੇ ਅਸੀਂ ਡਰਾਈਵਰਾਂ ਨੂੰ ਜਾਣਕਾਰੀ ਦੇਣ ਵਾਲੇ ਕਈ ਸੈਸ਼ਨ ਲਗਾ ਰਹੇ ਹਾਂ। ਡਿਪਟੀ ਕਮਿਸ਼ਨਰ ਅਤੇ ਮੈਂ ਸੈਸ਼ਨਾਂ ਵਿਚ ਹਾਜ਼ਰ ਹੋਵਾਂਗੇ ਅਤੇ ਡਰਾਈਵਰਾਂ ਦੇ ਸਵਾਲਾਂ ਦੇ ਜਵਾਬ ਦੇਣ ਅਤੇ ਕਨਟੇਨਰ ਟਰੱਕਿੰਗ ਇੰਡਸਟਰੀ ਉਪਰ ਅਸਰ ਪਾਉਣ ਵਾਲੇ ਮੌਜੂਦਾ ਮਸਲਿਆਂ ਬਾਰੇ ਗੱਲਬਾਤ ਕਰਨ ਦੀ ਮੈਨੂੰ ਤਾਂਘ ਨਾਲ ਉਡੀਕ ਹੈ।

ਸੱਚੇ ਦਿਲੋਂ,

*ਮਾਈਕਲ ਕਰੌਫਰਡ*
ਕਮਿਸ਼ਨਰ

## ਲਸੰਸੀਆਂ ਅਤੇ ਡਰਾਈਵਰਾਂ ਲਈ ਸ੍ਰੋਤ

- **ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ (“ਓ ਬੀ ਸੀ ਸੀ ਟੀ ਸੀ”)**
  604-660-6051
  obcctc.ca
- **ਕੌਨਫੀਡੈਂਸ਼ਲ ਡਰੇਅਜ ਕਮਪਲੇਂਟ ਲਾਈਨ (ਗੁਪਤ ਲਾਈਨ)**
  1-877-713-5109
  drayage.confidenceline.net
- **ਪੀ ਓ ਵੀ ਜਾਂ ਵੀ ਐੱਫ ਪੀ ਏ ਟੀ ਐੱਲ ਐੱਸ ਐਡਮਿਨਸਟਰੇਟਰ**
  604-665-9333
- **ਬੀ ਸੀ ਟਰੱਕਿੰਗ ਐਸੋਸੀਏਸ਼ਨ**
  604-888-5319
- **ਪੇਅ ਰੇਟ ਸਮਰੀ**
  obcctc.ca/rate-summary
- **ਔਨ-ਡੌਕ ਰੇਟ ਸਕੈਜੂਅਲ**
  obcctc.ca/on-dock
- **ਔਫ-ਡੌਕ ਰੇਟ ਸਕੈਜੂਅਲ**
  obcctc.ca/off-dock
- **ਓ ਬੀ ਸੀ ਸੀ ਟੀ ਸੀ ਦੇ ਫੈਸਲੇ**
  obcctc.ca/decisions
- **ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
  obcctc.ca/policies
- **ਓ ਬੀ ਸੀ ਸੀ ਟੀ ਸੀ ਇੰਡਸਟਰੀ ਮੀਮੋਜ਼**
  obcctc.ca/industry-memos
- **ਕਨਟੇਨਰ ਟਰੱਕਿੰਗ ਐਕਟ**
  https://www.leg.bc.ca/pages/bclass-legacy.aspx#/content/legacy/web/40th3rd/1st_read/gov05-1.htm
- **ਕਨਟੇਨਰ ਟਰੱਕਿੰਗ ਰੈਗੂਲੇਸ਼ਨ**
  bclaws.ca/civix/document/id/complete/statreg/248_2014

## ਟਰੱਕ ਟੈਗ

ਓ ਬੀ ਸੀ ਸੀ ਟੀ ਸੀ ਨੇ 27 ਸਤੰਬਰ, 2019 ਨੂੰ ਇਕ ਸੀ ਟੀ ਐੱਸ ਲਸੰਸ ਟੈਗ ਮੈਨੇਜਮੈਂਟ ਪਾਲਸੀ ਬੁਲੇਟਿਨ ਜਾਰੀ ਕੀਤਾ। ਬੁਲੇਟਿਨ ਵਿਚ ਓ ਬੀ ਸੀ ਸੀ ਟੀ ਸੀ ਨੇ ਇਹ ਪੁਸ਼ਟੀ ਕੀਤੀ ਕਿ ਲੋਅਰ ਮੇਨਲੈਂਡ ਵਿਚ ਕਨਟੇਨਰ ਟਰੱਕਿੰਗ ਦੀ ਸਰਗਰਮੀ ਵਿਚ ਮੰਦੇ ਦਾ ਨਤੀਜਾ ਕੁਝ ਡਰਾਈਵਰਾਂ ਲਈ ਕੰਮ ਦੀ ਕਮੀ ਵਿਚ ਨਿਕਲਿਆ ਹੈ।

ਇਸੇ ਸਮੇਂ, ਕੁਝ ਲਸੰਸਧਾਰੀਆਂ ਨੇ ਟਰੱਕਿੰਗ ਦਾ ਆਪਣਾ ਕੰਮ ਵਧਾਇਆ ਹੈ ਅਤੇ ਨਤੀਜੇ ਵਜੋਂ, ਉਨ੍ਹਾਂ ਨੂੰ ਹੋਰ ਟਰੱਕ ਟੈਗਾਂ ਅਤੇ ਡਰਾਈਵਰਾਂ ਦੀ ਲੋੜ ਹੈ। ਜਵਾਬ ਵਜੋਂ, ਓ ਬੀ ਸੀ ਸੀ ਟੀ ਸੀ ਨੇ ਇਕ ਸੋਧੀ ਹੋਈ ਪਾਲਸੀ ਦੁਬਾਰਾ ਲਾਗੂ ਕੀਤੀ ਹੈ।

ਓ ਬੀ ਸੀ ਸੀ ਟੀ ਸੀ ਨੇ:

- 4 ਨਵੰਬਰ, 2019 ਨੂੰ ਸਾਰੇ ਅਣਭਰੇ ਹੋਏ ਟਰੱਕ ਟੈਗ ਹਟਾ ਦਿੱਤੇ ਹਨ;
- ਵਾਧੂ ਟਰੱਕ ਟੈਗ ਐਪਲੀਕੇਸ਼ਨਾਂ ਲੈਣੀਆਂ ਸ਼ੁਰੂ ਕੀਤੀਆਂ ਹਨ; ਅਤੇ
- ਆਪਣੀ ਜੁਲਾਈ ਦੀ ਆਈ/ਓ ਲਿਸਟ ਲਾਟਰੀ ਮੁਕੰਮਲ ਕੀਤੀ ਹੈ ਅਤੇ ਕੰਪਨੀ ਦੇ ਡਰਾਈਵਰਾਂ ਨੂੰ ਲਿਸਟ ਉਪਰ ਭਵਿੱਖ ਵਿਚ ਹੋਣ ਵਾਲੀਆਂ ਖਾਲੀ ਥਾਂਵਾਂ ਲਈ ਅਪਲਾਈ ਕਰਨ ਦੀ ਆਗਿਆ ਦੇਣ ਦਾ ਵਾਅਦਾ ਕੀਤਾ ਹੈ।

ਸੁਧਾਰਾਂ ਲਈ ਸਲਾਹ-ਮਸ਼ਵਰੇ ਦੇ ਪੈਕੇਜ ਜੋ ਕਿ ਓ ਬੀ ਸੀ ਸੀ ਟੀ ਸੀ ਵਲੋਂ ਇਸ ਮਹੀਨੇ ਜਾਰੀ ਕੀਤਾ ਗਿਆ ਹੈ (ਰਿਵੀਊ ਅਤੇ ਟਿਪਣੀਆਂ ਲਈ ਵੈੱਬਸਾਈਟ 'ਤੇ) ਵਿਚ ਇਕ ਪੂਰੀ ਤਰ੍ਹਾਂ ਸੋਧੀ ਹੋਈ ਡ੍ਰਾਫਟ ਪਾਲਸੀ ਸ਼ਾਮਲ ਕੀਤੀ ਗਈ ਸੀ, ਇਸ ਆਸ ਨਾਲ ਕਿ ਜੂਨ 2020 ਵਿਚ ਨਵੇਂ ਲਸੰਸ ਦੇ ਨਾਲ ਨਵੀਂ ਪਾਲਸੀ ਜਾਰੀ ਕੀਤੀ ਜਾਵੇਗੀ।

# ਕੀ ਤੁਹਾਨੂੰ ਪਤਾ ਹੈ?

### ਟਰੱਕ ਟੈਗ

ਇੰਡੀਪੈਨਡੈਂਟ ਓਪਰੇਟਰ ਟਰੱਕ ਟੈਗਾਂ ਦੇ ਮਾਲਕ ਨਹੀਂ ਹਨ। ਟਰੱਕ ਟੈਗ ਲਸੰਸੀਆਂ ਨੂੰ ਦਿੱਤੇ ਜਾਂਦੇ ਹਨ ਅਤੇ ਇਹ ਮੂਵ ਨਹੀਂ ਹੁੰਦੇ।

### ਡਰਾਈਵਰ ਟਰੇਨਿੰਗ ਲਈ ਪੇਮੈਂਟ

ਲਸੰਸੀਆਂ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਸਾਰੇ ਡਰਾਈਵਰਾਂ ਲਈ ਟਰੇਨਿੰਗ ਦਾ ਖਰਚਾ ਦੇਣ। ਟਰੇਨਿੰਗ ਲੈਣ ਦੇ ਸਮੇਂ ਦੌਰਾਨ, ਮੁਲਾਜ਼ਮਾਂ, ਇੰਡੀਪੈਨਡੈਂਟ ਓਪਰੇਟਰਾਂ ਅਤੇ ਅਸਿੱਧੇ ਰੱਖੇ ਓਪਰੇਟਰਾਂ 'ਤੇ ਲਾਜ਼ਮੀ ਘੱਟੋ ਘੱਟ ਰੇਟ ਲਾਗੂ ਹੁੰਦੇ ਹਨ।

### ਟ੍ਰਿਪ ਨੂੰ ਵੰਡਣਾ

ਟ੍ਰਿਪ ਨੂੰ ਵੰਡਣ ਦੀ ਆਗਿਆ ਨਹੀਂ ਹੈ। ਕਨਟੇਨਰ ਦੀ ਹਰ ਮੂਵਮੈਂਟ ਇਕ ਵੱਖਰਾ ਟ੍ਰਿਪ ਸਮਝੀ ਜਾਣੀ ਚਾਹੀਦੀ ਹੈ ਅਤੇ ਨਤੀਜੇ ਵਜੋਂ ਹਰ ਮੂਵਮੈਂਟ ਲਈ ਘੱਟੋ ਘੱਟ "ਪ੍ਰਤੀ ਟ੍ਰਿਪ" ਰੇਟ ਦੇਣਾ ਜ਼ਰੂਰੀ ਹੈ।

### ਔਫ-ਡੌਕ ਰੇਟ ਪੇਮੈਂਟਾਂ ਅਤੇ ਟੈਗ ਵਾਲੇ ਟਰੱਕਾਂ ਦੀ ਵਰਤੋਂ

ਕਨਟੇਨਰਾਂ ਦੀ ਔਫ-ਡੌਕ ਮੂਵਮੈਂਟ ਨਿਯਮਬੱਧ ਔਫ-ਡੌਕ ਰੇਟ ਦੀ ਮੰਗ ਕਰਦੀ ਹੈ ਜਿਹੜਾ ਕਿ ਸਾਰੇ ਲਸੰਸਧਾਰੀਆਂ ਵਲੋਂ ਦਿੱਤਾ ਜਾਣਾ ਜ਼ਰੂਰੀ ਹੈ। ਲਸੰਸਧਾਰੀਆਂ ਲਈ ਸਾਰੇ ਔਨ ਅਤੇ ਔਫ-ਡੌਕ ਕੰਮ ਲਈ ਟੈਗਾਂ ਵਾਲੇ ਟਰੱਕਾਂ ਦੀ ਵਰਤੋਂ ਕਰਨਾ ਵੀ ਜ਼ਰੂਰੀ ਹੈ।

### ਆਪਣੇ ਖੁਦ ਦੇ ਰਿਕਾਰਡ ਰੱਖੋ

ਦਿਨ ਵਿਚ ਲਗਾਏ ਗਏ ਟ੍ਰਿਪਾਂ ਅਤੇ ਕੰਮ ਦੇ ਘੰਟਿਆਂ ਦੇ ਆਪਣੇ ਰਿਕਾਰਡ ਰੱਖ ਕੇ ਡਰਾਈਵਰ ਓ ਬੀ ਸੀ ਸੀ ਟੀ ਸੀ ਦੇ ਔਡੀਟਰਾਂ ਦੀ ਮਦਦ ਕਰ ਸਕਦੇ ਹਨ। ਜੇ ਤੁਸੀਂ ਆਪਣੇ ਰਿਕਾਰਡ ਰੱਖਦੇ ਹੋ ਤਾਂ ਕਿਰਪਾ ਕਰਕੇ ਇਹ ਵੀ ਨੋਟ ਕਰ ਲਉ ਕਿ ਤੁਸੀਂ ਕਦੋਂ ਕਨਟੇਨਰ ਟਰੱਕਿੰਗ ਦੀਆਂ ਸੇਵਾਵਾਂ ਦੇ ਰਹੇ ਸੀ ਕਿਉਂਕਿ ਕੁਝ ਡਰਾਈਵਰ ਰਲਵਾਂ ਕੰਮ ਕਰਦੇ ਹਨ। ਕੰਪਨੀ ਦੇ ਰਿਕਾਰਡਾਂ ਦੀ ਪੜਚੋਲ ਕਰਨ ਵੇਲੇ ਇਹ ਚੀਜ਼ ਓ ਬੀ ਸੀ ਸੀ ਟੀ ਸੀ ਦੇ ਔਡੀਟਰਾਂ ਦੀ ਬਹੁਤ ਜ਼ਿਆਦਾ ਮਦਦ ਕਰੇਗੀ।

# ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵਲੋਂ ਤਾਜ਼ਾ ਜਾਣਕਾਰੀ

**ਤੁਹਾਡੀ ਮਦਦ ਕਰਨ ਵਿਚ ਸਾਡੀ ਮਦਦ ਕਰੋ! ਜੇ ਤੁਹਾਡੇ ਮਨ ਵਿਚ ਆਪਣੀ ਤਨਖਾਹ ਬਾਰੇ ਅਤੇ ਕੰਮ ਦੇ ਘੰਟਿਆਂ ਦੀ ਗਿਣਤੀ ਜਾਂ ਲਾਏ ਗਏ ਟ੍ਰਿਪਾਂ ਬਾਰੇ ਕੋਈ ਫਿਕਰ ਹੋਵੇ ਤਾਂ ਇਸ ਦਾ ਰਿਕਾਰਡ ਰੱਖੋ। ਤੁਹਾਡੀ ਰਾਇ ਓ ਬੀ ਸੀ ਸੀ ਟੀ ਸੀ ਦੇ ਨਿਯਮਾਂ ਦੀ ਪਾਲਣਾ ਕਰਵਾਉਣ ਵਿਚ ਔਡੀਟਰਾਂ ਦੀ ਮਦਦ ਕਰੇਗੀ।**




**ਆਡਿਟ ਲਈ ਕੰਪਨੀਆਂ ਦੀ ਚੋਣ ਬਿਨਾਂ ਸੋਚੇ ਸਮਝੇ ਕੀਤੀ ਜਾਂਦੀ ਹੈ ਜਾਂ ਕਿਸੇ ਸ਼ਿਕਾਇਤ ਦੇ ਨਤੀਜੇ ਵਜੋਂ ਕੀਤੀ ਜਾਂਦੀ ਹੈ।**

# ਕੀ ਨਵਾਂ ਹੈ !

### ਲਸੰਸ ਅਤੇ ਟਰੱਕ ਟੈਗ ਪਾਲਸੀ ਬਾਰੇ ਸਲਾਹ-ਮਸ਼ਵਰਾ

ਓ ਬੀ ਸੀ ਸੀ ਟੀ ਸੀ ਵਲੋਂ ਸੁਧਾਰਾਂ ਲਈ ਸਲਾਹ-ਮਸ਼ਵਰੇ ਦਾ ਇਕ ਪੈਕੇਜ ਜਾਰੀ ਕੀਤਾ ਗਿਆ ਹੈ ਜੋ ਕਿ ਜੂਨ 2020 ਵਿਚ ਲਾਗੂ ਕੀਤੀਆਂ ਜਾਣ ਵਾਲੀਆਂ ਲਸੰਸ ਅਤੇ ਟਰੱਕ ਟੈਗ ਪਾਲਸੀ ਦੀਆਂ ਤਜਵੀਜ਼ਸ਼ੁਦਾ ਤਬਦੀਲੀਆਂ ਦੀ ਰੂਪ ਰੇਖਾ ਦੱਸਦਾ ਹੈ। ਔਫ-ਡੌਕ (ਸੀ ਟੀ ਸੀ ਟਰੱਕ ਟੈਗਜ਼) ਨੂੰ ਜਾਰੀ ਕਰਨਾ, ਟਰੱਕ ਟੈਗ ਐਪਲੀਕੇਸ਼ਨਾਂ ਲਈ ਨਿਯਮਾਂ ਦੀ ਪਾਲਣਾ 'ਤੇ ਆਧਾਰਿਤ ਸਕੋਰਿੰਗ, ਸਾਂਝੇ ਲਸੰਸਾਂ ਨੂੰ ਹਟਾਉਣਾ ਅਤੇ ਦਿਲਚਸਪੀ ਰੱਖਦੀ ਕਿਸੇ ਵੀ ਕੰਪਨੀ ਵਲੋਂ ਲਸੰਸ ਲਈ ਅਪਲਾਈ ਕਰਨ ਦੀ ਸਮਰੱਥਾ, ਡਾਕੂਮੈਂਟ ਵਿਚ ਤਜਵੀਜ਼ ਕੀਤੀਆਂ ਗਈਆਂ ਸਿਰਫ ਕੁਝ ਕੁ ਤਬਦੀਲੀਆਂ ਹਨ। ਹਿੱਤ ਰੱਖਣ ਵਾਲੀਆਂ ਸਾਰੀਆਂ ਧਿਰਾਂ ਨੂੰ ਪੈਕੇਜ ਨੂੰ ਪੜ੍ਹਨ ਅਤੇ **registrar@obcctc.ca** ਨੂੰ ਲਿਖਤੀ ਵਿਚਾਰ ਭੇਜ ਕੇ ਜਾਂ ਡਰਾਈਵਰਾਂ ਨੂੰ ਜਾਣਕਾਰੀ ਦੇਣ ਵਾਲੇ ਕਿਸੇ ਸੈਸ਼ਨ ਲਈ ਰਜਿਸਟਰ ਹੋ ਕੇ ਆਪਣੇ ਵਿਚਾਰ ਦੇਣ ਲਈ ਉਤਸ਼ਾਹ ਦਿੱਤਾ ਜਾਂਦਾ ਹੈ।

### ਨਿਊਜ਼ਲੈਟਰ ਦੀ ਵੰਡ

ਜੇ ਤੁਸੀਂ ਨਿਊਜ਼ਲੈਟਰ ਭੇਜਣ ਵਾਲੀ ਸਾਡੀ ਲਿਸਟ ਉੱਪਰ ਆਪਣੀ ਈਮੇਲ ਪਾਉਣੀ ਚਾਹੁੰਦੇ ਹੋਵੋ ਜਾਂ ਜੇ ਤੁਹਾਡਾ ਈਮੇਲ ਐਡਰੈਸ ਬਦਲ ਗਿਆ ਹੋਵੇ ਤਾਂ ਕਿਰਪਾ ਕਰਕੇ ਰਜਿਸਟਰਾਰ ਨੂੰ ਈਮੇਲ ਕਰੋ: **registrar@obcctc.ca**

### ਤਾਜ਼ਾ ਫੈਸਲੇ

ਦਿਆਲ ਟ੍ਰਾਂਸਪੋਰਟ ਸਿਸਟਮਜ਼ ਇੰਕ (ਸੀ ਟੀ ਸੀ ਦਾ ਫੈਸਲਾ ਨੰਬਰ 08/2019 – ਫੈਸਲੇ ਦਾ ਨੋਟਿਸ) ਵਿਚ ਮਿੱਥੇ ਗਏ ਰੇਟ ਦੇਣ ਅਤੇ ਰਿਕਾਰਡ ਰੱਖਣ ਅਤੇ ਟਰੱਕ ਟੈਗ ਤਬਦੀਲ ਕਰਨ ਦੀਆਂ ਸ਼ਰਤਾਂ ਦੀ ਪਾਲਣਾ ਨਾ ਕਰਨ ਲਈ ਠੋਸੇ ਗਏ 20,000 ਡਾਲਰ ਦੇ ਪ੍ਰਬੰਧਕੀ ਜੁਰਮਾਨੇ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਗਿਆ ਸੀ।

ਇੰਟਰ ਕੈਨੇਡੀਅਨ ਟਰੱਕਿੰਗ ਲਿਮਟਿਡ (ਸੀ ਟੀ ਸੀ ਦਾ ਫੈਸਲਾ ਨੰਬਰ 06/2019) ਵਿਚ ਲਸੰਸੀ ਨੂੰ ਐਕਟ, ਰੈਗੂਲੇਸ਼ਨ ਅਤੇ ਲਸੰਸ ਦੀਆਂ 13 ਉਲੰਘਣਾਵਾਂ ਕਰਨ ਅਤੇ ਡਰਾਈਵਰਾਂ ਦੇ ਬਕਾਇਆ ਰਹਿੰਦੇ 17,363 ਡਾਲਰ ਨਾ ਦੇਣ ਦਾ ਦੋਸ਼ੀ ਪਾਇਆ ਗਿਆ ਸੀ। ਲਸੰਸੀ ਨੂੰ 20,000 ਡਾਲਰ ਦਾ ਜੁਰਮਾਨਾ ਕੀਤਾ ਗਿਆ ਸੀ ਭਾਵੇਂ ਕਿ ਲਸੰਸੀ ਨੇ ਪਹਿਲਾਂ ਹੀ ਆਪਣਾ ਲਸੰਸ ਕੈਂਸਲ ਕਰ ਦਿੱਤਾ ਸੀ। ਬਾਅਦ ਵਿਚ ਡਰਾਈਵਰਾਂ ਦੇ ਪੈਸੇ ਵਾਪਸ ਦਿਵਾਉਣ ਲਈ ਓ ਬੀ ਸੀ ਸੀ ਟੀ ਸੀ ਨੇ ਲਸੰਸੀ ਦੇ ਬੌਂਡ ਤੋਂ ਮੰਗ ਕੀਤੀ।

ਏ-ਕੈਨ ਟ੍ਰਾਂਸਪੋਰਟ ਲਿਮਟਿਡ ਅਤੇ ਐੱਮ ਡੀ ਡਬਲਯੂ ਐਕਸਪ੍ਰੈਸ ਟ੍ਰਾਂਸਪੋਰਟ ਲਿਮਟਿਡ (ਸੀ ਟੀ ਸੀ ਦਾ ਫੈਸਲਾ ਨੰਬਰ 07/2019) ਵਿਚ ਇਹ ਪਾਇਆ ਗਿਆ ਕਿ ਕੰਪਨੀਆਂ ਨੇ ਸਹੀ ਰੇਟ ਦਿੱਤੇ ਪਰ ਦੋਨਾਂ ਕੰਪਨੀਆਂ ਵਿਚਕਾਰ ਟਰੱਕ ਟੈਗ ਤਬਦੀਲ ਕੀਤੇ, ਮਾੜੇ ਰਿਕਾਰਡ ਰੱਖੇ, ਡਰਾਈਵਰ ਦੀ ਤਨਖਾਹ ਵਿੱਚੋਂ ਗਲਤ ਤਰੀਕੇ ਨਾਲ ਪੈਸੇ ਕੱਟੇ, ਟਰੇਨਿੰਗ ਲਈ ਡਰਾਈਵਰ ਦੇ ਪੈਸੇ ਦੇਣ ਵਿਚ ਫੇਲ੍ਹ ਹੋਏ ਅਤੇ ਡਰਾਈਵਰ ਦੀ ਤਨਖਾਹ ਦੀ ਚੈੱਕ ਉਦੋਂ ਤੱਕ ਰੋਕੀ ਜਦੋਂ ਤੱਕ ਡਰਾਈਵਰ ਕੰਮ ਛੱਡ ਨਹੀਂ ਗਿਆ। ਦੋਨਾਂ ਕੰਪਨੀਆਂ ਨੂੰ ਕੁੱਲ 25,000 ਡਾਲਰ ਦਾ ਜੁਰਮਾਨਾ ਕੀਤਾ ਗਿਆ।

24 ਅਕਤੂਬਰ, 2019 ਨੂੰ, **ਪ੍ਰੋ ਲਾਈਨ ਟਰੱਕਿੰਗ ਕਾਰਪੋਰੇਸ਼ਨ** ਦਾ ਸੀ ਟੀ ਐੱਸ ਲਸੰਸ, ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ ਤੋਂ ਇਹ ਪਤਾ ਲੱਗਣ 'ਤੇ ਕੈਂਸਲ ਕਰ ਦਿੱਤਾ ਗਿਆ ਕਿ ਪ੍ਰੋ ਲਾਈਨ ਟਰੱਕਿੰਗ ਕਾਰਪੋਰੇਸ਼ਨ ਦਾ ਐਕਸੈੱਸ ਐਗਰੀਮੈਂਟ ਕੈਂਸਲ ਕਰ ਦਿੱਤਾ ਗਿਆ ਹੈ।

**ਗੁਲਜ਼ਾਰ ਟ੍ਰਾਂਸਪੋਰਟ ਇੰਕ ਅਤੇ ਜੈੱਟ ਸਪੀਡ ਟ੍ਰਾਂਸਪੋਰਟ ਇੰਕ** ਨੂੰ ਕਨਟੇਨਰ ਟਰੱਕਿੰਗ ਐਕਟ ਦੀ ਪਾਲਣਾ ਕਰਨ ਦਾ ਹੁਕਮ ਦਿੱਤਾ ਗਿਆ ਹੈ ਜਦੋਂ ਕਮਿਸ਼ਨਰ ਨੇ ਇਹ ਹੁਕਮ ਦਿੱਤਾ ਕਿ:

- ਕੰਪਨੀਆਂ ਕੰਮ ਦੇ ਘੰਟਿਆਂ ਦਾ ਪਤਾ ਲਾਉਣ ਲਈ ਟਾਈਮਸ਼ੀਟਾਂ ਦੀ ਥਾਂ 'ਤੇ ਲੌਗਬੁੱਕਾਂ ਦੀ ਵਰਤੋਂ ਨਹੀਂ ਕਰ ਸਕਦੀਆਂ ਕਿਉਂਕਿ ਲੌਗ ਬੁੱਕਾਂ ਜਾਣਕਾਰੀ ਦਾ ਭਰੋਸੇਯੋਗ ਸ੍ਰੋਤ ਨਹੀਂ ਸਨ। ਲੌਗਬੁੱਕਾਂ ਦੇ ਡੁਪਲੀਕੇਟ ਸੈੱਟ ਹਨ ਅਤੇ ਇਨ੍ਹਾਂ ਵਿਚ ਆਪਾ ਵਿਰੋਧੀ ਜਾਣਕਾਰੀ ਹੈ।
- ਕੰਪਨੀਆਂ ਦੇ ਹਿਸਾਬ-ਕਿਤਾਬ ਵਿਚ ਓਵਰਟਾਈਮ ਦੀ ਤਨਖਾਹ ਦੇਣਾ ਸ਼ਾਮਲ ਹੈ ਜਿਸ ਦੀ ਵਰਤੋਂ ਫਿਰ ਇਹ ਦਿਖਾਉਣ ਲਈ ਕੀਤੀ ਗਈ ਕਿ ਡਰਾਈਵਰਾਂ ਨੂੰ ਨਿਯਮਤ (ਰੈਗੂਲੇਟਿਡ) ਰੇਟ ਦਿੱਤੇ ਗਏ ਹਨ ਜਦੋਂ ਕਿ ਓਵਰਟਾਈਮ ਦੀ ਤਨਖਾਹ/ਰੇਟਾਂ ਦਾ ਹਿਸਾਬ, ਘੰਟਿਆਂ ਦੇ ਨਿਯਮਤ ਰੇਟ ਦੇ ਹਿਸਾਬ ਤੋਂ ਅਲੱਗ ਲਗਾਇਆ ਜਾਣਾ ਚਾਹੀਦਾ ਹੈ।

## ਨਵੇਂ ਕਲੀਨ ਬੀ ਸੀ ਹੈਵੀ-ਡਿਊਟੀ ਵਹੀਕਲ ਐਫੇਸ਼ੈਂਸੀ ਪ੍ਰੋਗਰਾਮ ਰਾਹੀਂ ਪ੍ਰਦੂਸ਼ਣ ਘਟਾਉਣਾ

ਬੀ ਸੀ ਟਰੱਕਿੰਗ ਐਸੋਸੀਏਸ਼ਨ (ਬੀ ਸੀ ਟੀ ਏ) ਨੇ ਬੀ ਸੀ ਮਨਿਸਟਰੀ ਔਫ ਟ੍ਰਾਂਸਪੋਰਟੇਸ਼ਨ ਐਂਡ ਇਨਫਰਾਸਟਰੱਕਚਰ ਦੀ ਭਾਈਵਾਲੀ ਨਾਲ ਕਲੀਨ ਬੀ ਸੀ ਹੈਵੀ-ਡਿਊਟੀ ਵਹੀਕਲ ਐਫੇਸ਼ੈਂਸੀ ਪ੍ਰੋਗਰਾਮ ਦਾ ਕੋਰਸ ਸ਼ੁਰੂ ਕੀਤਾ ਹੈ, ਜਿਸ ਦੇ ਸੈਸ਼ਨ ਲੈਂਗਲੀ ਅਤੇ ਕੈਮਲੂਪਸ ਵਿਚ ਨਵੰਬਰ ਅਤੇ ਦਸੰਬਰ 2019 ਵਿਚ ਲੱਗ ਰਹੇ ਹਨ ਅਤੇ ਨਵੇਂ ਸਾਲ ਵਿਚ ਲੈਂਗਲੀ ਅਤੇ ਪ੍ਰਿੰਸ ਜੌਰਜ ਲਈ ਹੋਰ ਤਰੀਕਾਂ ਦਾ ਐਲਾਨ ਕੀਤਾ ਜਾ ਰਿਹਾ ਹੈ। ਇਹ ਸੈਸ਼ਨ ਕਲੀਨ ਬੀ ਸੀ ਹੈਵੀ-ਡਿਊਟੀ ਵਹੀਕਲ ਐਫੇਸ਼ੈਂਸੀ ਪ੍ਰੋਗਰਾਮ ਦੇ ਫਾਇਦੇ ਲੈਣ ਲਈ ਮੁਢਲੀ ਸ਼ਰਤ ਹੈ, ਜੋ ਕਿ ਬੀ ਸੀ ਵਿਚ ਹੈਵੀ ਕਮਰਸ਼ੀਅਲ ਗੱਡੀਆਂ ਤੋਂ ਗਰੀਨਹਾਊਸ ਗੈਸ ਪ੍ਰਦੂਸ਼ਣ ਘਟਾਉਣ ਲਈ ਤੇਲ ਦੀ ਬੱਚਤ ਕਰਨ ਵਾਲੇ ਸਾਜ਼-ਸਾਮਾਨ ਲਈ 1.4 ਮਿਲੀਅਨ ਡਾਲਰ ਦੀ ਵੰਡ ਕਰੇਗਾ। ਇਹ ਪ੍ਰੋਗਰਾਮ ਸੂਬੇ ਦੀ ਤਰਫੋਂ ਬੀ ਸੀ ਟੀ ਏ ਚਲਾ ਰਹੀ ਹੈ।

ਹਿੱਸਾ ਲੈਣ ਦੇ ਯੋਗ ਹੋਣ ਲਈ, ਕੰਪਨੀਆਂ ਕੋਲ ਆਪਣੇ ਫਲੀਟ ਵਿਚ ਇਕ ਜਾਂ ਜ਼ਿਆਦਾ ਹੈਵੀ-ਡਿਊਟੀ ਕਮਰਸ਼ੀਅਲ ਗੱਡੀਆਂ ਦਾ ਹੋਣਾ ਜ਼ਰੂਰੀ ਹੈ (ਉਹ ਗੱਡੀ ਜਿਸ ਦਾ ਗਰੌਸ ਵਹੀਕਲ ਭਾਰ 11,794 ਕਿਲੋਗ੍ਰਾਮ ਨਾਲੋਂ ਜ਼ਿਆਦਾ ਹੈ) ਜੋ ਕਿ ਬ੍ਰਿਟਿਸ਼ ਕੋਲੰਬੀਆ ਵਿਚ ਲਸੰਸਸ਼ੁਦਾ ਹੈ ਅਤੇ ਚਲਾਉਣ ਲਈ ਇਨਸ਼ੋਰਡ ਹੈ, ਬ੍ਰਿਟਿਸ਼ ਕੋਲੰਬੀਆ ਵਿਚ ਚੱਲਦੀ ਹੈ, ਅਤੇ ਉਸ ਦਾ ਟਰਮੀਨਲ ਬ੍ਰਿਟਿਸ਼ ਕੋਲੰਬੀਆ ਵਿਚ ਸਥਿਤ ਹੈ।

ਇਹ ਸਿੱਖਣ ਲਈ ਕਿ ਫਿਊਲ ਮੈਨੇਜਮੈਂਟ ਪ੍ਰੋਗਰਾਮ ਕਿਵੇਂ ਤਿਆਰ ਕਰਨਾ ਹੈ ਅਤੇ ਤੇਲ ਬਚਾਉਣ ਵਾਲੇ ਸਾਜ਼-ਸਾਮਾਨ 'ਤੇ ਰੀਬੇਟਾਂ ਲਈ ਕਿਵੇਂ ਯੋਗ ਹੋਣਾ ਹੈ, ਇਕ ਦਿਨ ਦੇ ਮੁਫਤ ਕੋਰਸ ਲਈ ਰਜਿਸਟਰ ਹੋਣ ਲਈ **bctrucking.com** 'ਤੇ ਜਾਉ।

## ਉਡੀਕ ਕਰਨ ਦੇ ਸਮੇਂ ਦੀ ਪੇਮੈਂਟ ਦੀ ਸੂਚਨਾ

ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ ਨੇ 9 ਅਕਤੂਬਰ, 2019 ਨੂੰ 83 ਕੰਪਨੀਆਂ ਨੂੰ ਉਡੀਕ ਕਰਨ ਦੇ ਸਮੇਂ ਦੀਆਂ ਪੇਮੈਂਟਾਂ ਲਈ 422,875.00 ਡਾਲਰ ਵੰਡੇ। ਇਹ ਪੇਮੈਂਟਾਂ ਡਰਾਈਵਰਾਂ ਨੂੰ ਡੈਲਟਾਪੋਰਟ, ਵੈਂਟਰਮ ਅਤੇ ਸੈਂਟਰਮ ਵਿਖੇ 1 ਅਪਰੈਲ, 2019 ਤੋਂ 30 ਜੂਨ, 2019 ਦੇ ਵਿਚਕਾਰ ਉਡੀਕ ਕਰਨ ਦੇ ਸਮਿਆਂ ਲਈ ਅਤੇ ਫਰੇਜ਼ਰ ਸਰੀ ਡੌਕਸ ਵਿਖੇ 1 ਮਾਰਚ, 2019 ਤੋਂ 30 ਜੂਨ, 2019 ਦੇ ਵਿਚਕਾਰ ਉਡੀਕ ਕਰਨ ਦੇ ਸਮਿਆਂ ਲਈ ਮਿਲੀਆਂ।

ਓ ਬੀ ਸੀ ਸੀ ਟੀ ਸੀ ਨੇ ਇਕ ਬੁਲੇਟਿਨ ਜਾਰੀ ਕਰਕੇ ਲਸੰਸਧਾਰੀਆਂ ਨੂੰ ਉਨ੍ਹਾਂ ਦੀ ਇਸ ਜ਼ਿੰਮੇਵਾਰੀ ਬਾਰੇ ਉਨ੍ਹਾਂ ਨੂੰ ਯਾਦ ਕਰਵਾਇਆ ਹੈ ਕਿ ਉਹ ਹਰ ਉਸ ਟਰੱਕਰ ਨੂੰ ਉਡੀਕ ਸਮੇਂ ਦੀਆਂ ਪੂਰੀਆਂ ਪੇਮੈਂਟਾਂ ਦੇਣ ਜਿਸ ਨੂੰ ਲਸੰਸੀ ਵਲੋਂ ਪ੍ਰਤੀ ਟ੍ਰਿਪ ਦੇ ਆਧਾਰ 'ਤੇ ਪੇਮੈਂਟ ਕੀਤੀ ਜਾਂਦੀ ਹੈ, ਜਾਂ ਕੀਤੀ ਜਾਂਦੀ ਰਹੀ ਹੈ। ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਓ ਬੀ ਸੀ ਸੀ ਟੀ ਸੀ ਵਲੋਂ ਉਡੀਕ ਸਮੇਂ ਦੀ ਪੇਮੈਂਟ ਦਾ ਪਤਾ ਲਾਉਣ ਲਈ ਆਡਿਟ ਕਰਨਾ ਜਾਰੀ ਰੱਖਿਆ ਜਾਵੇਗਾ।

# ਡਰਾਈਵਰਾਂ ਨੂੰ ਜਾਣਕਾਰੀ ਦੇਣ ਵਾਲੇ ਸੈਸ਼ਨ

ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ (ਓ ਬੀ ਸੀ ਸੀ ਟੀ ਸੀ) ਇਸ ਪਤਝੜ ਰੁੱਤੇ ਡਰਾਈਵਰਾਂ ਨੂੰ ਜਾਣਕਾਰੀ ਦੇਣ ਵਾਲੇ ਚਾਰ ਸੈਸ਼ਨ ਲਗਾ ਰਿਹਾ ਹੈ। ਕਮਿਸ਼ਨਰ ਅਤੇ ਓ ਬੀ ਸੀ ਸੀ ਟੀ ਸੀ ਦਾ ਸਟਾਫ ਸਵਾਲਾਂ ਦੇ ਜਵਾਬ ਦੇਣ ਲਈ ਅਤੇ ਸਾਰੇ ਡਰਾਈਵਰਾਂ 'ਤੇ ਅਸਰ ਪਾਉਣ ਵਾਲੇ ਮੌਜੂਦਾ ਮਸਲਿਆਂ ਬਾਰੇ ਗੱਲਬਾਤ ਕਰਨ ਲਈ ਮੌਜੂਦ ਹੋਣਗੇ।

ਇਨ੍ਹਾਂ ਸੈਸ਼ਨਾਂ ਵਿਚ ਹਾਜ਼ਰੀ 10 ਡਰਾਈਵਰਾਂ ਤੱਕ ਸੀਮਤ ਹੋਵੇਗੀ ਤਾਂ ਜੋ ਹਿੱਸਾ ਲੈਣ ਵਾਲੇ ਉਤਸ਼ਾਹੀ ਡਰਾਈਵਰਾਂ ਦੇ ਇਕ ਛੋਟੇ ਗਰੁੱਪ ਵਿਚ ਵਾਰਤਾਲਾਪ ਅਤੇ ਖੁੱਲ੍ਹੇ ਵਿਚਾਰ-ਵਟਾਂਦਰੇ ਨੂੰ ਉਤਸ਼ਾਹ ਦਿੱਤਾ ਜਾ ਸਕੇ। ਇਹ ਸੈਸ਼ਨ ਅੱਗੇ ਲਿਖੀਆਂ ਤਾਰੀਕਾਂ ਅਤੇ ਸਮਿਆਂ 'ਤੇ ਓ ਬੀ ਸੀ ਸੀ ਟੀ ਸੀ ਦੇ 1085 ਕੈਂਬੀ ਸਟ੍ਰੀਟ ਦੇ ਦਫਤਰਾਂ ਵਿਚ ਲੱਗਣਗੇ:

| | |
|---|---|
| **25 ਨਵੰਬਰ, 2019** | **ਬਾਅਦ ਦੁਪਹਿਰ 4:30 ਤੋਂ 5:30 ਵਜੇ ਤੱਕ** |
| **27 ਨਵੰਬਰ, 2019** | **ਸਵੇਰ ਦੇ 8:30 ਤੋਂ 9:30 ਵਜੇ ਤੱਕ** |
| **2 ਦਸੰਬਰ, 2019** | **ਬਾਅਦ ਦੁਪਹਿਰ 4:30 ਤੋਂ 5:30 ਵਜੇ ਤੱਕ** |
| **4 ਦਸੰਬਰ, 2019** | **ਸਵੇਰ ਦੇ 8:30 ਤੋਂ 9:30 ਵਜੇ ਤੱਕ** |

ਕਿਸੇ ਸੈਸ਼ਨ ਵਿਚ ਹਿੱਸਾ ਲੈਣ ਦੀ ਦਿਲਚਸਪੀ ਰੱਖਦੇ ਡਰਾਈਵਰ ਰਜਿਸਟਰਾਰ ਨਾਲ 604-660-6051 'ਤੇ ਸੰਪਰਕ ਕਰਕੇ ਜਾਂ **Registrar@obcctc.ca** 'ਤੇ ਈਮੇਲ ਕਰਕੇ ਰਜਿਸਟਰ ਹੋ ਸਕਦੇ ਹਨ।

## ਬੀ ਸੀ ਟਰੱਕਿੰਗ ਦੇ ਜਾਣਕਾਰੀ ਦੇਣ ਵਾਲੇ ਅਫਸਰ – ਉਹ ਜਾਣਕਾਰੀ ਲੈਣ ਵਿਚ ਤੁਹਾਡੀ ਮਦਦ ਕਰਦੇ ਹਨ ਜਿਸ ਦੀ ਤੁਹਾਨੂੰ ਲੋੜ ਹੈ!

### *ਕੀ ਤੁਸੀਂ ਹਾਰਪ ਅਤੇ ਹਰਮੀਤ ਨੂੰ ਮਿਲੇ ਹੋ?*

ਕਾਨੂੰਨ ਅਤੇ ਕਨਟੇਨਰ ਟਰੱਕਿੰਗ ਲਈ ਅਸੂਲ ਤੈਅ ਕਰਨ ਵਾਲੇ ਨਿਯਮਾਂ ਨੂੰ ਸਮਝਣਾ ਗੁੰਝਲਦਾਰ ਹੋ ਸਕਦਾ ਹੈ – ਪਰ ਹਾਰਪ ਅਤੇ ਹਰਮੀਤ ਸਹੀ ਜਾਣਕਾਰੀ ਲੱਭਣ ਵਿਚ ਅਤੇ ਤੁਹਾਡੇ ਹੱਕ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਹਨ। ਜੇ ਤੁਸੀਂ ਅਜੇ ਉਨ੍ਹਾਂ ਨੂੰ ਨਹੀਂ ਮਿਲੇ ਤਾਂ ਹਾਰਪ ਧਾਲੀਵਾਲ ਅਤੇ ਹਰਮੀਤ ਢਿਲੋਂ ਪ੍ਰੋਗਰਾਮਾਂ ਵਿਚ ਅਤੇ ਟਰੱਕ ਪਾਰਕਿੰਗ/ਸਟੇਜਿੰਗ ਵਾਲੀਆਂ ਥਾਂਵਾਂ 'ਤੇ ਕਨਟੇਨਰ ਟਰੱਕ ਡਰਾਈਵਰਾਂ ਨੂੰ ਮਿਲ ਰਹੇ ਹਨ ਅਤੇ ਉਨ੍ਹਾਂ ਨੂੰ ਜਾਣਕਾਰੀ ਦੇ ਲਿਖਤੀ ਸ੍ਰੋਤ ਦੇ ਰਹੇ ਹਨ ਅਤੇ ਇੰਡਸਟਰੀ ਬਾਰੇ ਡਰਾਈਵਰਾਂ ਦੇ ਸਰੋਕਾਰ ਅਤੇ ਸਵਾਲ ਇਕੱਠੇ ਕਰ ਰਹੇ ਹਨ।

**ਜਾਣਕਾਰੀ ਦੀ ਲੋੜ ਹੈ ਜਾਂ ਕੋਈ ਸਵਾਲ ਹੈ? ਹਾਰਪ ਜਾਂ ਹਰਮੀਤ ਉਹ ਜਵਾਬ ਲੱਭਣ ਲਈ ਤੁਹਾਨੂੰ ਸਹੀ ਦਿਸ਼ਾ ਵਿਚ ਭੇਜਣ ਵਿਚ ਤੁਹਾਡੀ ਮਦਦ ਕਰਨਗੇ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ।**

**ਕੋਈ ਫਿਕਰ ਜਾਂ ਸ਼ਿਕਾਇਤ ਹੈ? ਉਹ ਇਹ ਜਾਣਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਕਿ ਗੁਪਤ ਰੂਪ ਵਿਚ ਕਿਸ ਨਾਲ ਗੱਲ ਕਰਨੀ ਹੈ।**

OFFICE OF THE
BRITISH COLUMBIA CONTAINER
TRUCKING COMMISSIONER

1085 ਕੈਂਬੀ ਸਟ੍ਰੀਟ,
ਵੈਨਕੂਵਰ, ਬੀ ਸੀ
V6B 5L7
ਫੋਨ: (604) 660-6051 ਫੈਕਸ: (604) 660-6045
ਵੈੱਬ: obcctc.ca ਈਮੇਲ: info@obcctc.ca

**ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਸਟਾਫ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 9 ਵਜੇ ਤੋਂ ਬਾਅਦ ਦੁਪਹਿਰ 5 ਵਜੇ ਤੱਕ ਮੌਜੂਦ ਹੁੰਦਾ ਹੈ, ਵੀਕਇੰਡਜ਼ ਅਤੇ ਸਾਰੀਆਂ ਸਰਕਾਰੀ ਛੁੱਟੀਆਂ ਨੂੰ ਬੰਦ ਹੁੰਦਾ ਹੈ।**